# ਕਹਾਣੀ (ਥਕਾਵਟ)




ਦਿਹਾੜੀ ਜਾਣ ਤੋਂ ਬਾਅਦ ਜਦ ਸ਼ਾਮ ਨੂੰ ਉਹ ਠੇਕੇ ਮੂਹਰ ਦੀ ਲੰਘਣ ਲੱਗਿਆ ਤਾਂ ਹਮੇਸ਼ਾ ਦੀ ਤਰਾਂ ਉਸਨੂੰ ਆਪਣਾ ਸਰੀਰ ਟੁੱਟਿਆ ਟੁੱਟਿਆ ਜਿਹਾ ਜਾਪਿਆ। ਉਹ ਆਪਣੀ ਥਕਾਵਟ ਲਾਉਣ ਲਈ ਠੇਕੇ ਮੂਹਰੇ ਸ਼ਰਾਬ ਲੈਣ ਵਾਲਿਆਂ ਦੀ ਲੱਗੀ ਲਾਇਨ ਵਿੱਚ ਬੋਤਲ ਲੈਣ ਲਈ ਲੱਗ ਗਿਆ।ਅੱਜ ਭਾਂਵੇ ਉਹਦਾ ਦਿਲ ਸ਼ਰਾਬ ਪੀਣ ਨੂੰ ਨਹੀ ਸੀ ਕਰ ਰਿਹਾ,ਪਰ ਠੇਕੇ ਦੇ ਅਹਾਤੇ ਤੇ, ਮੁੱਛਾਂ ਨੂੰ ਵੱਟ ਚਾੜਦੇ ਮਹਾਰਾਜਾ ਭੂਪਾ ਬਣੇ ਬੈਠੇ,ਪੈੱਗ ਲਾਉਂਦੇ ਉਹਦੇ ਵਿਹੜੇ

ਦੇ ਤਿੰਨ ਚਾਰ ਲਵੇ ਜਿਹੇ ਮੁੰਡੇ ਵੇਖ ਕੇ ਉਸ ਤੋਂ ਰਿਹਾ ਨਾ ਗਿਆ।ਜਿਵੇਂ ਹੀ ਉਸਨੇ ਠੇਕੇ ਵਾਲੇ ਨੂੰ ਬੋਤਲ ਦੇਣ ਦੇ ਪੈਸੇ ਦਿੱਤੇ ਤਾਂ ਪਤਾ ਨਹੀ ਉਸਦੇ ਮਨ ਵਿੱਚ ਕੀ ਆਇਆ ਉਸਨੇ ਬੋਤਲ ਮੋੜ ਕੇ ਪੈਸੇ ਆਪਣੇ ਵਾਪਸ ਕਰਵਾ ਲਏ।

ਸ਼ਾਇਦ ਇਹ ਉਸਦੀ ਜਿੰਦਗੀ ਦਾ ਪਹਿਲਾ ਦਿਨ ਸੀ ਦਿਹਾੜੀ ਜਾਣ ਤੋਂ ਬਾਅਦ ਜਦ ਉਹ ਸ਼ਰਾਬ ਦੀ ਬੋਤਲ ਦੀ ਵਜਾਏ ਰਾਹ ਵਿੱਚੋਂ ਲੱਗੀ ਰੇਹੜੀ ਤੋਂ ਦੋ ਤਿੰਨ ਪ੍ਰਕਾਰ ਦੇ ਫ਼ਲ ਆਪਣੇ ਘਰ ਲੈ ਕੇ ਆਇਆ ਸੀ।ਇਹ ਵੇਖ ਕੇ ਉਸਦੀ ਪਤਨੀ ਤੇ ਪੰਜਾਂ ਕੁ ਸਾਲਾਂ ਦੀ ਧੀ ਵੀ ਹੈਰਾਨ ਸਨ।ਇਸ ਕਰਕੇ ਨਹੀ ਕਿ ਉਹ ਫਰੂਟ ਲੈ ਕੇ ਆਇਆ ਸੀ ਸਗੋਂ ਇਸ ਕਰਕੇ ਕਿ ਉਸਨੂੰ ਅਹਿਸਾਸ ਜਿਹਾ ਤਾਂ ਹੋਇਆ ਕਿ ਉਸ ਤੋਂ ਬਗੈਰ ਇਸ ਘਰ ਵਿੱਚ ਕੋਈ ਹੋਰ ਵੀ ਵਸਦਾ ਹੈ।ਇਸ ਤਰਾਂ ਘਰ ਵਿੱਚ ਵੱਖਰਾ ਜਿਹਾ ਮਹੌਲ ਬਣਿਆ ਗਿਆ। ਕਿਉਕਿ ਪਹਿਲਾਂ ਉਹ ਸ਼ਰਾਬ ਦੇ ਨਸ਼ੇ ਵਿੱਚ ਕੋਈ ਨਾ ਕੋਈ ਬਹਾਨਾ ਬਣਾ ਕਲੇਸ ਪਾਈ ਰੱਖਦਾ ਸੀ,ਤੇ ਕਈ ਵਾਰ ਆਪਣੀ ਪਤਨੀ ਨੂੰ ਬਿਨਾਂ ਗੱਲ ਤੋਂ ਹੀ ਤਲਪ ਸੁੱਟਦਾ,ਜਿਸ ਕਰਕੇ ਮਾਵਾਂ, ਧੀਆਂ ਸਹਿਮੀਆਂ ਰਹਿੰਦੀਆਂ।

ਅੱਜ ਤਾਂ ਉਸਦੀ ਪਤਨੀ ਦੇ ਖੁਸ਼ੀ ਵਿੱਚ ਭੁੱਜੇ ਪੈਰ ਨਹੀਂ ਲੱਗ ਰਿਹੇ ਸੀ,ਜਿਵੇਂ ਅਚਾਨਕ ਸਾਰੇ ਜਹਾਨ ਦੀਆਂ ਖੁਸ਼ੀਆਂ ਉਹਦੀ ਝੋਲੀ 'ਚ ਆ ਪਈਆਂ ਹੋਣ।ਉਹ ਆਪਣੇ ਪਤੀ ਦੀ ਸੇਵਾ ਕਰਦੀ ਹੋਈ ਨਸ਼ਿਆਈ ਫਿਰਦੀ ਸੀ,ਤੇ ਇਸ ਨਸ਼ੇ ਦਾ ਅਨੰਦ ਉਹ ਵੀ ਬਿਨ ਨਸ਼ੇ ਤੋਂ ਖ਼ੂਬ ਮਾਣ ਰਿਹਾ ਸੀ। ਦੂਜੇ ਪਾਸੇ ਉਸਦੀ ਧੀ ਜਿਹੜੀ ਪਹਿਲਾਂ ਉਸਦੀ ਘਰ ਵਿੱਚ ਆਮਦ ਹੋਣ ਤੇ ਹੀ ਡਰ ਕੇ ਖੂੰਜੇ ਨਾਲ ਲੱਗ ਜਾਂਦੀ ਸੀ,ਉਸ ਦੇ ਕੋਲ ਆਉਣ ਤੋਂ ਕਤਾਰਾਉਦੀ ਸੀ,ਅੱਜ ਉਹ ਰਾਤੀਂ ਸੌਣ ਸਮੇਂ ਆਪਣੇ ਪਿਉ ਨਾਲ ਵਾਲਾਂ ਤੇ ਲੱਗੇ ਕਲਿੱਪ ਵਾਂਗ ਚੁੰਬੜੀ ਮੰਜੇ ਤੇ ਪਈ,ਆਪਣੀ ਪਿਆਰੀ ਤੇ ਮਿੱਠੀ ਆਵਾਜ਼ ਵਿੱਚ ਢੇਰ ਸਾਰੀਆਂ ਗੱਲਾਂ ਕਰ ਰਹੀ ਸੀ। ਜਿਸਦਾ ਹੁੰਗਾਰਾ ਭਰਦੇ ਸਮੇਂ ਉਸਦਾ ਪਿਉ ਆਪਣੀਆਂ ਅੱਖਾਂ ਵਿੱਚ ਆਏ ਹੰਝੂਆਂ ਨੂੰ ਛੁਪਾਉਣ ਦੀ ਕੋਸ਼ਿਸ ਕਰ ਰਿਹਾ ਸੀ।ਕਿਉਕਿ ਉਹ ਅੱਜ ਆਪਣੇ ਛੋਟੇ ਜਿਹੇ ਪਰਿਵਾਰ ਨਾਲ ਉਹਨਾਂ ਦੀਆਂ ਪਿਆਰ, ਭਾਵਨਾਵਾਂ ਤੇ

www.PunjabiLibrary.com

ਜਜ਼ਬਾਤਾਂ ਦੀ ਕਦਰ ਕਰਦਾ ਹੋਇਆ ਐਨਾਂ ਖੁਸ਼ ਸੀ,ਜਿੰਨਾਂ ਉਹ ਜਿੰਦਗੀ ਵਿੱਚ ਕਦੇ ਨਹੀ ਸੀ ਹੋਇਆ। ਉਸਨੂੰ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਉਸਨੇ ਆਪਣਾ ਬਹੁਤ ਸਾਰਾ ਕੀਮਤੀ ਸਮਾਂ, ਆਪਣੇ ਪਰਿਵਾਰ ਦੇ ਪਿਆਰ ਤੋਂ ਸਿੱਖਣਾ ਹੀ ਹਨੇਰ ਭਰੀ ਜਿੰਦਗੀ ਵਿੱਚ ਗਾਲ ਦਿੱਤਾ ਹੋਵੇ।ਉਸਨੂੰ ਲੱਗ ਰਿਹਾ ਸੀ ਅਸਲੀ ਜੰਨਤ ਜੇ ਕਿਤੇ ਹੈ ਤਾਂ ਉਹ ਆਪਣੇ ਪਰਿਵਾਰ ਵਿੱਚ ਹੀ ਹੈ,ਇਸ ਨੂੰ ਬਹੁਤਾ ਪੈਸੇ ਪਿੱਛੇ ਦੌੜਨ ਵਾਲੇ ਤੇ ਨਸ਼ੇ ਵਿੱਚ ਗੁਲਤਾਨ ਰਹਿਣ ਵਾਲੇ ਨਹੀ ਮਾਣ ਸਕਦੇ।

ਜਿਹੜੀ ਥਕਾਵਟ ਉਸਨੂੰ ਪਿਛਲੇ ਦਸਾਂ ਸਾਲਾਂ ਤੋਂ ਸ਼ਰਾਬ ਪੀਣ ਨਾਲ ਨਹੀ ਲਹੀ ਸੀ,ਉਹ ਰਾਤੀਂ ਸ਼ਰਾਬ ਨਾ ਪੀਣ ਕਾਰਨ ਤੇ ਆਪਣੇ ਪਰਿਵਾਰ ਨਾਲ ਹੱਸ ਖੇਡ ਕੇ ਸਮਾਂ ਵਿਤਾਉਣ ਨਾਲ ਲਹਿ ਗਈ ਸੀ,ਉਹ ਆਪਣੇ ਆਪ ਨੂੰ ਹੌਲਾ ਫੁੱਲ ਵਰਗਾ ਮਹਿਸੂਸ ਕਰ ਰਿਹਾ ਸੀ,ਤਾਈਂ ਤਾਂ ਅੱਗੇ ਨਾਲੋਂ ਸੁਬ੍ਹਾ ਪਹਿਲਾਂ ਘੰਟਾ ਉੱਠ ਖੜਿਆ ਸੀ।ਲਾਗਲੇ ਪਿੰਡ ਦਿਹਾੜੀ ਜਾਣ ਲਈ ਇਕ ਅਜੀਬ ਜਿਹੀ ਖੁਸ਼ੀ ਵਿੱਚ ਉਹ ਮਸ਼ਤ ਸਾਇਕਲ ਦੀ ਚਾਇਨ ਤੋੜਦਾ ਹੋਇਆ,ਹਵਾ ਨੂੰ ਗੰਡਾਂ ਦਿੰਦਾਂ,ਪਾਣੀ ਦੇ ਵਹਾ ਦੇ ਉਲਟ ਤੈਰਦੀ ਹੋਈ ਮੱਛੀ ਵਾਂਗ ਅੱਗੇ ਵਧ ਰਿਹਾ ਸੀ......

ਬਲਜੀਤ ਬਰਾੜ

www.PunjabiLibrary.com